GENERATION NEW ERA A STUDY OF CHILDREN BORN IN THE 2020s

UCL University College London

ਤੁਹਾਡੇ ਲਈ ਨਵੇਂ ਯੁੱਗ ਦੀ ਪੀੜ੍ਹੀ(GENERATION NEW ERA) ਦਾ ਹਿੱਸਾ ਬਣਨ ਦਾ ਮੌਕਾ

ਪਿਆਰੇ ਮਾਤਾ/ਪਿਤਾ,

ਅਸੀਂ ਤੁਹਾਨੂੰ ਇਹ ਦੱਸਣ ਲਈ ਲਿਖ ਰਹੇ ਹਾਂ ਕਿ ਤੁਹਾਡੇ ਕੋਲ **ਨਵੇਂ ਯੁੱਗ ਦੀ ਪੀੜ੍ਹੀ(Generation New Era) ਦਾ ਹਿੱਸਾ ਬਣਨ ਦਾ ਮੌਕਾ ਹੈ** – ਇਹ 2026 ਵਿੱਚ ਜਨਮੇ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਬਾਰੇ ਯੂ.ਕੇ. ਵਿੱਚ ਕੀਤਾ ਜਾ ਰਿਹਾ ਇੱਕ ਨਵਾਂ ਅਧਿਐਨ ਹੈ। ਜੇ ਤੁਸੀਂ ਆਪਣੇ ਬੱਚੇ ਦੇ ਦੂਜੇ ਮਾਤਾ ਜਾਂ ਪਿਤਾ ਨਾਲ ਰਹਿੰਦੇ ਹੋ, ਤਾਂ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਵੀ ਇਹ ਚਿੱਠੀ ਮਿਲੀ ਹੋਵੇ।

ਇਸ ਅਧਿਐਨ ਵਿੱਚ ਬੱਚਿਆਂ ਦੀ ਸਿਹਤ ਅਤੇ ਸਾਡੇ ਬਦਲਦੇ ਸੰਸਾਰ ਵਿੱਚ ਉਨ੍ਹਾਂ ਦੇ ਵੱਡੇ ਹੋਣ ਬਾਰੇ ਮਹੱਤਵਪੂਰਨ ਵਿਗਿਆਨਕ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ। ਇਸ ਨਾਲ ਪੂਰੇ ਯੂ.ਕੇ. ਵਿੱਚ ਪਰਿਵਾਰਾਂ ਲਈ ਸਹਾਇਤਾ ਅਤੇ ਸੇਵਾਵਾਂ ਨੂੰ ਬਿਹਤਰ ਬਣਾਉਣ ਵਿੱਚ ਮਦਦ ਮਿਲੇਗੀ। ਇਸ ਵਿੱਚ ਮਾਵਾਂ ਅਤੇ ਪਿਤਾਵਾਂ ਨਾਲ ਉਨ੍ਹਾਂ ਅਤੇ ਉਨ੍ਹਾਂ ਦੇ ਬੱਚੇ ਬਾਰੇ ਇੰਟਰਵਿਊ ਕੀਤੇ ਜਾਣਗੇ। ਅਧਿਐਨ ਵਿੱਚ ਭਾਗ ਲੈਣ ਵਾਲੇ ਹਰ ਮਾਤਾ ਜਾਂ ਪਿਤਾ ਦਾ ਧੰਨਵਾਦ ਕਰਨ ਲਈ ਉਨ੍ਹਾਂ ਨੂੰ ਇੱਕ ਈ-ਵਾਊਚਰ ਦਿੱਤਾ ਜਾਵੇਗਾ।

ਨਵੇਂ ਯੁੱਗ ਦੀ ਪੀੜ੍ਹੀ (Generation New Era) ਦੀ ਅਗਵਾਈ ਯੂਨੀਵਰਸਿਟੀ ਕਾਲਜ ਲੰਡਨ (UCL) ਦੁਆਰਾ ਕੀਤੀ ਜਾਂਦੀ ਹੈ। ਇੰਟਰਵਿਊ ਤਿੰਨ ਸੁਤੰਤਰ ਖੋਜ ਸੰਸਥਾਵਾਂ—Ipsos, NatCen ਅਤੇ Verian—ਵੱਲੋਂ ਕੀਤੀਆਂ ਜਾਣਗੀਆਂ। ਇਸਦਾ ਭੁਗਤਾਨ ਆਰਥਿਕ ਅਤੇ ਸਮਾਜਕ ਰਿਸਰਚ ਕੌਂਸਲ ਦੁਆਰਾ ਕੀਤਾ ਜਾਂਦਾ ਹੈ।

ਅੱਗੇ ਕੀ ਹੋਵੇਗਾ?

- **ਤੁਹਾਨੂੰ ਹੁਣੇ ਕੋਈ ਫੈਸਲਾ ਕਰਨ ਦੀ ਲੋੜ ਨਹੀਂ ਹੈ।**
- ਅਗਲੇ ਕੁਝ ਮਹੀਨਿਆਂ ਵਿੱਚ, ਅਸੀਂ ਤੁਹਾਨੂੰ ਅਧਿਐਨ ਬਾਰੇ ਹੋਰ ਜਾਣਕਾਰੀ ਭੇਜਾਂਗੇ ਅਤੇ ਤੁਹਾਨੂੰ ਇਸ ਵਿੱਚ ਸ਼ਾਮਲ ਹੋਣ ਲਈ ਸੱਦਾ ਦੇਵਾਂਗੇ।
- ਇਸ ਤੋਂ ਬਾਅਦ, Ipsos ਤੋਂ ਇੱਕ ਟ੍ਰੇਨਿੰਗ ਪ੍ਰਾਪਤ ਇੰਟਰਵਿਊ ਲੈਣ ਵਾਲਾ ਵਿਅਕਤੀ ਤੁਹਾਡੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਲਈ, ਅਤੇ ਤੁਹਾਨੂੰ ਇਹ ਪੁੱਛਣ ਲਈ ਤੁਹਾਡੇ ਪਤੇ 'ਤੇ ਕਾਲ ਕਰੇਗਾ ਕਿ ਤੁਸੀਂ ਭਾਗ ਲੈਣਾ ਚਾਹੁੰਦੇ ਹੋ ਜਾਂ ਨਹੀਂ।
- ਇਸ ਵਿੱਚ ਭਾਗ ਲੈਣਾ ਪੂਰੀ ਤਰ੍ਹਾਂ ਤੁਹਾਡੀ ਆਪਣੀ ਮਰਜ਼ੀ ਹੈ ਅਤੇ ਤੁਸੀਂ ਕਿਸੇ ਵੀ ਸਮੇਂ ਅਧਿਐਨ ਤੋਂ ਹਟ ਸਕਦੇ ਹੋ।
- **ਜੇਕਰ ਤੁਸੀਂ ਅਧਿਐਨ ਬਾਰੇ ਹੋਰ ਜਾਣਕਾਰੀ ਪ੍ਰਾਪਤ ਨਹੀਂ ਕਰਨਾ ਚਾਹੁੰਦੇ, ਜਾਂ ਜੇਕਰ ਤੁਸੀਂ ਅਧਿਐਨ ਦਾ ਹਿੱਸਾ ਨਹੀਂ ਬਣਨਾ ਚਾਹੁੰਦੇ, ਤਾਂ ਕਿਰਪਾ ਕਰਕੇ ਸਾਨੂੰ ਦੱਸੋ ਅਤੇ ਅਸੀਂ ਤੁਹਾਡੇ ਨਾਲ ਅੱਗੇ ਹੋਰ ਸੰਪਰਕ ਨਹੀਂ ਕਰਾਂਗੇ।** ਤੁਸੀਂ ਸਾਨੂੰ 0800 151 0610 'ਤੇ ਫ੍ਰੀਫੋਨ ਕਾਲ ਕਰ ਸਕਦੇ ਹੋ ਜਾਂ gnestudy@ipsos.com 'ਤੇ ਈਮੇਲ ਕਰ ਸਕਦੇ ਹੋ। ਕਿਰਪਾ ਕਰਕੇ ਇਸ ਚਿੱਠੀ ਦੇ ਉੱਪਰ ਦਿੱਤਾ ਆਪਣਾ ਰੈਫਰੈਂਸ ਨੰਬਰ ਜ਼ਰੂਰ ਲਿਖੋ।

ਤੁਹਾਡੀ ਮਦਦ ਲਈ ਪਹਿਲਾਂ ਤੋਂ ਧੰਨਵਾਦ। ਸਾਨੂੰ ਪੂਰੀ ਉਮੀਦ ਹੈ ਕਿ ਤੁਸੀਂ ਇਸ ਮਹੱਤਵਪੂਰਨ ਅਧਿਐਨ ਦਾ ਹਿੱਸਾ ਬਣਨ ਦਾ ਫ਼ੈਸਲਾ ਕਰੋਗੇ। ਹੋਰ ਜਾਣਕਾਰੀ ਲਈ ਕਿਰਪਾ ਕਰਕੇ ਇਸ ਚਿੱਠੀ ਦੇ ਪਿਛਲੇ ਪਾਸੇ ਦਿੱਤੇ ਸਵਾਲ-ਜਵਾਬ (Q&As) ਪੜ੍ਹੋ।

ਤੁਹਾਡੇ ਸ਼ੁਭਚਿੰਤਕ,

Alissa Goodman

ਪ੍ਰੋਫੈਸਰ ਅਲਿਸਾ ਗੁੱਡਮੈਨ ਸੀ.ਬੀ.ਈ. (Alissa Goodman CBE)
ਅਧਿਐਨ ਨਿਰਦੇਸ਼ਕ, ਯੂ.ਕੇ.
ਯੂਨੀਵਰਸਿਟੀ ਕਾਲਜ ਲੰਡ

ਕਿਰਪਾ ਕਰਕੇ ਪੰਨਾ ਪਲਟੋ →

ਇਸ ਵਿੱਚ ਕੀ ਕੁਝ ਸ਼ਾਮਲ ਹੈ?

ਅਸੀਂ ਮਾਂਵਾਂ ਅਤੇ ਪਿਤਾਵਾਂ ਨੂੰ ਇੱਕ ਇੰਟਰਵਿਊ ਵਿੱਚ ਭਾਗ ਲੈਣ ਲਈ ਕਹਾਂਗੇ। ਇੱਕ ਮਾਤਾ ਜਾਂ ਪਿਤਾ ਨਾਲ ਇੰਟਰਵਿਊ ਵਿੱਚ ਲਗਭਗ 60 ਮਿੰਟ ਲੱਗਣਗੇ ਅਤੇ ਦੂਜੇ ਮਾਤਾ ਜਾਂ ਪਿਤਾ ਨਾਲ ਲਗਭਗ 30 ਮਿੰਟ। **ਇਸ ਅਧਿਐਨ ਵਿੱਚ ਭਾਗ ਲੈਣਾ ਪੂਰੀ ਤਰ੍ਹਾਂ ਤੁਹਾਡੀ ਆਪਣੀ ਮਰਜ਼ੀ ਹੈ।**

ਅਸੀਂ ਹਰ ਕੁਝ ਸਾਲਾਂ ਬਾਅਦ ਤੁਹਾਡੇ ਨਾਲ ਦੁਬਾਰਾ ਗੱਲ ਕਰਨਾ ਚਾਹਾਂਗੇ, ਤਾਂ ਜੋ ਇਹ ਜਾਣ ਸਕੀਏ ਕਿ ਤੁਹਾਡਾ ਬੱਚਾ ਵੱਡਾ ਹੁੰਦੇ ਹੋਏ ਕਿਵੇਂ ਤਰੱਕੀ ਕਰ ਰਿਹਾ ਹੈ। ਅਗਲੀ ਵਾਰ ਸੰਭਵ ਤੌਰ 'ਤੇ ਉਸ ਸਮੇਂ ਸੰਪਰਕ ਕੀਤਾ ਜਾਵੇਗਾ ਜਦੋਂ ਤੁਹਾਡਾ ਬੱਚਾ 3 ਸਾਲ ਦਾ ਹੋਵੇਗਾ। **ਇਸ ਦਾ ਫ਼ੈਸਲਾ ਹਮੇਸ਼ਾ ਤੁਹਾਡੇ 'ਤੇ ਨਿਰਭਰ ਕਰੇਗਾ** ਕਿ ਕੀ ਤੁਸੀਂ ਭਾਗ ਲੈਣਾ ਹੈ ਜਾਂ ਨਹੀਂ।

ਮੈਨੂੰ ਇਸ ਅਧਿਐਨ ਲਈ ਕਿਵੇਂ ਚੁਣਿਆ ਗਿਆ ਸੀ?

ਜਿਨ੍ਹਾਂ ਪਰਿਵਾਰਾਂ ਨੂੰ ਇਸ ਅਧਿਐਨ ਵਿੱਚ ਭਾਗ ਲੈਣ ਲਈ ਸੱਦਾ ਦਿੱਤਾ ਗਿਆ ਹੈ, ਉਹ ਹਰੇਕ ਖੇਤਰ ਅਤੇ ਪੂਰੇ ਯੂ.ਕੇ. ਦੀ ਵੱਖ-ਵੱਖ ਕਿਸਮ ਦੀ ਆਬਾਦੀ ਨੂੰ ਦਰਸਾਉਂਦੇ ਹਨ।

ਤੁਹਾਡੇ ਪਰਿਵਾਰ ਦੀ ਚੋਣ ਇੰਗਲੈਂਡ ਅਤੇ ਵੇਲਜ਼ ਵਿੱਚ NHS England ਦੁਆਰਾ ਰੱਖੇ ਗਏ ਜਨਮ ਰਿਕਾਰਡਾਂ, ਅਤੇ Public Health Scotland ਅਤੇ National Records of Scotland ਵੱਲੋਂ ਰੱਖੇ ਗਏ **ਰਿਕਾਰਡਾਂ ਵਿੱਚੋਂ ਬੇਤਰਤੀਬ ਢੰਗ ਨਾਲ** ਕੀਤੀ ਗਈ ਹੈ। ਇਨ੍ਹਾਂ ਸੰਸਥਾਵਾਂ ਨੇ ਤੁਹਾਡਾ ਨਾਮ, ਪਤਾ ਅਤੇ ਤੁਹਾਡੇ ਅਤੇ ਤੁਹਾਡੇ ਬੱਚੇ ਬਾਰੇ ਕੁਝ ਹੋਰ ਜਾਣਕਾਰੀ ਸਾਨੂੰ ਦਿੱਤੀ ਹੈ।

ਸਾਡੇ ਕੋਲ NHS England ਦੇ ਸੁਤੰਤਰ Advisory Group for Data ਅਤੇ NHS Scotland Public Benefit and Privacy Panel ਤੋਂ ਵਿਸ਼ੇਸ਼ ਮਨਜ਼ੂਰੀ ਹੈ, ਜਿਸ ਦੇ ਤਹਿਤ ਸਾਨੂੰ ਜਨਮ ਰਿਕਾਰਡਾਂ ਵਿੱਚੋਂ ਜਾਣਕਾਰੀ ਪ੍ਰਾਪਤ ਕਰਨ ਦੀ ਇਜਾਜ਼ਤ ਮਿਲੀ ਹੈ, ਤਾਂ ਜੋ ਅਸੀਂ ਤੁਹਾਡੇ ਨਾਲ ਸੰਪਰਕ ਕਰ ਸਕੀਏ। ਤੁਹਾਡੀ ਸਹਿਮਤੀ ਤੋਂ ਬਿਨਾਂ ਗੁਪਤ ਮਰੀਜ਼ੀ ਜਾਣਕਾਰੀ ਦੀ ਵਰਤੋਂ ਨੂੰ Health Research Authority ਵੱਲੋਂ Confidentiality Advisory Group ਦੀ ਸਲਾਹ ਦੇ ਆਧਾਰ 'ਤੇ ਮਨਜ਼ੂਰੀ ਦਿੱਤੀ ਗਈ ਹੈ। ਉਨ੍ਹਾਂ ਨੇ ਇਸ ਅਧਿਐਨ ਦੀ ਧਿਆਨ ਨਾਲ ਸਮੀਖਿਆ ਕੀਤੀ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡਾ ਡਾਟਾ ਅਤੇ ਤੁਹਾਡੀ ਨਿੱਜਤਾ ਸੁਰੱਖਿਅਤ ਰਹੇ।

ਜੇ ਮੈਂ ਆਪਣੇ ਬੱਚੇ ਦੇ ਦੂਜੇ ਮਾਤਾ ਜਾਂ ਪਿਤਾ ਤੋਂ ਵੱਖ ਰਹਿੰਦਾ/ਰਹਿੰਦੀ ਹਾਂ, ਤਾਂ ਕੀ ਹੋਵੇਗਾ?

ਹਰੇਕ ਬੱਚੇ ਦੀ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਸਮਝਣ ਵਿੱਚ ਮਦਦ ਕਰਨ ਲਈ ਅਸੀਂ ਉਨ੍ਹਾਂ ਮਾਵਾਂ ਜਾਂ ਪਿਤਾਵਾਂ ਨੂੰ ਵੀ ਅਧਿਐਨ ਵਿੱਚ ਸ਼ਾਮਲ ਕਰਨਾ ਚਾਹੁੰਦੇ ਹਾਂ, ਜੋ ਆਪਣੇ ਬੱਚੇ ਦੇ ਦੂਜੇ ਮਾਤਾ ਜਾਂ ਪਿਤਾ ਤੋਂ ਵੱਖ ਰਹਿੰਦੇ ਹਨ। ਜੇ ਤੁਸੀਂ ਆਪਣੇ ਬੱਚੇ ਦੇ ਦੂਜੇ ਮਾਤਾ ਜਾਂ ਪਿਤਾ ਤੋਂ ਵੱਖ ਰਹਿੰਦੇ ਹੋ, ਤਾਂ ਇੰਟਰਵਿਊ ਦੌਰਾਨ ਅਸੀਂ ਤੁਹਾਨੂੰ ਉਨ੍ਹਾਂ ਨਾਲ ਸੰਪਰਕ ਕਰਨ ਬਾਰੇ ਆਖਾਂਗੇ। ਜੇ ਤੁਸੀਂ ਨਹੀਂ ਚਾਹੁੰਦੇ ਕਿ ਅਸੀਂ ਤੁਹਾਡੇ ਬੱਚੇ ਦੇ ਦੂਜੇ ਮਾਤਾ ਜਾਂ ਪਿਤਾ ਨਾਲ ਸੰਪਰਕ ਕਰੀਏ, ਜਾਂ ਤੁਹਾਨੂੰ ਇਸ ਬਾਰੇ ਕੋਈ ਚਿੰਤਾ ਹੈ, ਤਾਂ ਤੁਸੀਂ ਆਪਣੇ ਇੰਟਰਵਿਊਅਰ ਨੂੰ ਦੱਸ ਸਕਦੇ ਹੋ।

ਮੇਰੀ ਜਾਣਕਾਰੀ ਨੂੰ ਸੁਰੱਖਿਅਤ ਕਿਵੇਂ ਰੱਖਿਆ ਜਾਵੇਗਾ?

ਤੁਹਾਡੇ ਵੱਲੋਂ ਦਿੱਤੇ ਗਏ ਜਵਾਬ ਪੂਰੀ ਤਰ੍ਹਾਂ ਗੁਪਤ ਰੱਖੇ ਜਾਣਗੇ ਅਤੇ ਉਨ੍ਹਾਂ ਦੀ ਵਰਤੋਂ ਸਿਰਫ਼ ਖੋਜ ਲਈ ਕੀਤੀ ਜਾਵੇਗੀ। UCL ਨੂੰ ਤੁਹਾਡੇ ਨਿੱਜੀ ਡਾਟੇ ਦੀ ਵਰਤੋਂ ਕਰਨ ਦੀ ਇਜਾਜ਼ਤ ਇਸ ਲਈ ਹੈ ਕਿਉਂਕਿ ਇਹ ਅਧਿਐਨ GDPR ਦੇ ਤਹਿਤ ਜਨਤਕ ਹਿੱਤ ਵਿੱਚ ਕੀਤੇ ਜਾ ਰਹੇ ਇੱਕ ਕੰਮ ਦੇ ਰੂਪ ਵਿੱਚ ਕੀਤਾ ਜਾ ਰਿਹਾ ਹੈ। GDPR ਉਹ ਕਾਨੂੰਨ ਹੈ, ਜੋ ਤੁਹਾਡੀ ਨਿੱਜੀ ਜਾਣਕਾਰੀ ਦੀ ਸੁਰੱਖਿਆ ਕਰਦਾ ਹੈ। ਜੇ ਤੁਸੀਂ ਅਧਿਐਨ ਵਿੱਚ ਭਾਗ ਨਾ ਲੈਣ ਦਾ ਫ਼ੈਸਲਾ ਕਰਦੇ ਹੋ, ਤਾਂ ਜਨਮ ਰਿਕਾਰਡਾਂ ਵਿੱਚੋਂ ਤੁਹਾਡਾ ਅਤੇ ਤੁਹਾਡੇ ਬੱਚੇ ਦਾ ਨਾਮ ਅਤੇ ਪਤਾ ਕਿਸੇ ਹੋਰ ਉਦੇਸ਼ ਲਈ ਨਾ ਤਾਂ ਰੱਖਿਆ ਜਾਵੇਗਾ ਅਤੇ ਨਾ ਹੀ ਵਰਤਿਆ ਜਾਵੇਗਾ। ਹਾਲਾਂਕਿ, ਜਨਮ ਰਿਕਾਰਡਾਂ ਵਿੱਚੋਂ ਮਿਲੀ ਕੁਝ ਸੀਮਤ ਜਨਸੰਖਿਆ-ਸਬੰਧੀ ਜਾਣਕਾਰੀ ਦੀ ਵਰਤੋਂ ਇਹ ਸਮਝਣ ਲਈ ਕੀਤੀ ਜਾਵੇਗੀ ਕਿ ਕੌਣ ਅਧਿਐਨ ਵਿੱਚ ਭਾਗ ਲੈਂਦਾ ਹੈ ਅਤੇ ਕੌਣ ਨਹੀਂ ਲੈਂਦਾ, ਅਤੇ ਇਹ ਯਕੀਨੀ ਬਣਾਉਣ ਲਈ ਕਿ ਅਧਿਐਨ ਦੇ ਨਤੀਜੇ ਯੂ.ਕੇ. ਦੇ ਵੱਖ-ਵੱਖ ਕਿਸਮਾਂ ਦੇ ਪਰਿਵਾਰਾਂ ਨੂੰ ਦਰਸਾਉਂਦੇ ਹਨ। ਇਸ ਤੋਂ ਬਾਅਦ ਇਹ ਜਾਣਕਾਰੀ ਵੀ ਸੁਰੱਖਿਅਤ ਢੰਗ ਨਾਲ ਮਿਟਾ ਦਿੱਤੀ ਜਾਵੇਗੀ।

ਪੂਰੀ ਜਾਣਕਾਰੀ ਲਈ ਕਿਰਪਾ ਕਰਕੇ ਸਾਡਾ **ਗੋਪਨੀਯਤਾ ਨੋਟਿਸ (Privacy Notice) ਪੜ੍ਹੋ:**

24-030189-01/M-L02G (Punjabi Gurmukhi)

Ipsos
National Centre for Social Research
verian

gnestudy@ipsos.com
0800 151 0610
gnestudy.info
@gnestudy
Freepost
IPSOS GNE STUDY